# AltaMed

ਕਿਸੇ ਤਰੁੱਟੀ ਦੇ ਬਿਨਾਂ ਚੰਗੀ ਦੇਖਭਾਲ™

## ਗੋਪਨੀਯਤਾ ਅਭਿਆਸਾਂ ਦੇ ਨੋਟਿਸ ਦਾ ਸਾਰ-ਅੰਸ਼

*ਇਹ ਸਾਰ-ਅੰਸ਼ ਤੁਹਾਡੀ ਸਹਾਇਤਾ ਲਈ ਤੁਹਾਡੇ ਅਧਿਕਾਰਾਂ ਅਤੇ ਸਾਡੀਆਂ ਕੁਝ ਜ਼ਿੰਮੇਵਾਰੀਆਂ ਬਾਰੇ ਦੱਸਦਾ ਹੈ।*

## ਤੁਹਾਡੇ ਅਧਿਕਾਰ

*ਜਦੋਂ ਤੁਹਾਡੀ ਸਿਹਤ ਸੰਬੰਧੀ ਜਾਣਕਾਰੀ ਦੀ ਗੱਲ ਆਉਂਦੀ ਹੈ, ਤਾਂ ਤੁਹਾਡੇ ਕੁਝ ਅਧਿਕਾਰ ਹੁੰਦੇ ਹਨ।*

### ਆਪਣੇ ਡਾਕਟਰੀ ਰਿਕਾਰਡ ਦੀ ਇੱਕ ਇਲੈਕਟ੍ਰੌਨਿਕ ਜਾਂ ਕਾਗਜ਼ੀ ਕਾਪੀ ਪ੍ਰਾਪਤ ਕਰੋ

- ਤੁਸੀਂ ਆਪਣੇ ਡਾਕਟਰੀ ਰਿਕਾਰਡ ਜਾਂ ਹੋਰ ਸਿਹਤ ਜਾਣਕਾਰੀ ਜੋ ਸਾਡੇ ਕੋਲ ਤੁਹਾਡੇ ਬਾਰੇ ਹੈ, ਨੂੰ ਦੇਖਣ ਲਈ ਜਾਂ ਇਸਦੀ ਇੱਕ ਇਲੈਕਟ੍ਰੌਨਿਕ ਜਾਂ ਕਾਗਜ਼ੀ ਕਾਪੀ ਪ੍ਰਾਪਤ ਕਰਨ ਲਈ ਆਖ ਸਕਦੇ ਹੋ। ਇਹ ਕਿਵੇਂ ਕਰਨਾ ਹੈ, ਬਾਰੇ ਸਾਨੂੰ ਪੁੱਛੋ।
- ਅਸੀਂ ਤੁਹਾਡੀ ਸਿਹਤ ਜਾਣਕਾਰੀ ਦੀ ਕਾਪੀ ਜਾਂ ਸਾਰ-ਅੰਸ਼ ਪ੍ਰਦਾਨ ਕਰਾਂਗੇ, ਆਮ ਤੌਰ ‘ਤੇ ਤੁਹਾਡੀ ਬੇਨਤੀ ਦੇ 15 ਦਿਨਾਂ ਦੇ ਅੰਦਰ। ਅਸੀਂ ਇੱਕ ਵਾਜਬ, ਲਾਗਤ-ਅਧਾਰਤ ਫੀਸ ਵਸੂਲ ਸਕਦੇ ਹਾਂ।

### ਸਾਨੂੰ ਆਪਣਾ ਡਾਕਟਰੀ ਰਿਕਾਰਡ ਠੀਕ ਕਰਨ ਲਈ ਕਹੋ

- ਤੁਸੀਂ ਸਾਨੂੰ ਆਪਣੇ ਬਾਰੇ ਅਜਿਹੀ ਸਿਹਤ ਜਾਣਕਾਰੀ ਨੂੰ ਠੀਕ ਕਰਨ ਲਈ ਕਹਿ ਸਕਦੇ ਹੋ ਜੋ ਤੁਹਾਨੂੰ ਗਲਤ ਜਾਂ ਅਧੂਰੀ ਲੱਗਦੀ ਹੈ। ਇਹ ਕਿਵੇਂ ਕਰਨਾ ਹੈ, ਬਾਰੇ ਸਾਨੂੰ ਪੁੱਛੋ।
- ਅਸੀਂ ਸਾਰੀਆਂ ਵਾਜਬ ਬੇਨਤੀਆਂ ਨੂੰ "ਹਾਂ" ਕਹਿ ਸਕਦੇ ਹਾਂ।

### ਗੁਪਤ ਸੰਚਾਰਾਂ ਦੀ ਬੇਨਤੀ ਕਰੋ

- ਤੁਸੀਂ ਸਾਨੂੰ ਕਿਸੇ ਖਾਸ ਤਰੀਕੇ ਨਾਲ ਤੁਹਾਡੇ ਨਾਲ ਸੰਪਰਕ ਕਰਨ (ਉਦਾਹਰਣ ਵਜੋਂ, ਘਰ ਜਾਂ ਦਫਤਰ ਦਾ ਫ਼ੋਨ) ਜਾਂ ਕਿਸੇ ਵੱਖਰੇ ਪਤੇ ‘ਤੇ ਡਾਕ ਭੇਜਣ ਲਈ ਲਈ ਕਹਿ ਸਕਦੇ ਹੋ।
- ਅਸੀਂ ਸਾਰੀਆਂ ਵਾਜਬ ਬੇਨਤੀਆਂ ਨੂੰ "ਹਾਂ" ਕਹਾਂਗੇ।

### ਤੁਸੀਂ ਸਾਨੂੰ ਜੋ ਅਸੀਂ ਵਰਤਦੇ ਜਾਂ ਸਾਂਝਾ ਕਰਦੇ ਹਾਂ ਉਸ ਨੂੰ ਸੀਮਤ ਕਰਨ ਲਈ ਆਖ ਸਕਦੇ ਹੋ

- ਤੁਸੀਂ ਸਾਨੂੰ ਇਲਾਜ, ਭੁਗਤਾਨ, ਜਾਂ ਸਾਡੇ ਸੰਚਾਲਨਾਂ ਲਈ ਕੁਝ ਸਿਹਤ ਜਾਣਕਾਰੀ ਦੀ ਵਰਤੋਂ ਜਾਂ ਸਾਂਝਾ ਨਾ ਕਰਨ ਲਈ ਕਹਿ ਸਕਦੇ ਹੋ।
- ਸਾਡੇ ਲਈ ਤੁਹਾਡੀ ਬੇਨਤੀ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ, ਅਤੇ ਜੇ ਇਹ ਤੁਹਾਡੀ ਦੇਖਭਾਲ ਨੂੰ ਪ੍ਰਭਾਵਤ ਕਰਦੀ ਹੈ ਤਾਂ ਅਸੀਂ "ਨਾਂਹ" ਕਹਿ ਸਕਦੇ ਹਾਂ।
- ਜੇ ਤੁਸੀਂ ਕਿਸੇ ਸੇਵਾ ਜਾਂ ਸਿਹਤ ਦੇਖ-ਰੇਖ ਦੀ ਸਮੱਗਰੀ ਦਾ ਪੂਰਾ ਭੁਗਤਾਨ ਆਪਣੀ ਜੇਬ ਤੋਂ ਕਰਦੇ ਹੋ, ਤਾਂ ਤੁਸੀਂ ਸਾਨੂੰ ਉਸ ਜਾਣਕਾਰੀ ਨੂੰ ਭੁਗਤਾਨ ਦੇ ਉਦੇਸ਼ ਜਾਂ ਸਾਡੇ ਸੰਚਾਲਨਾਂ ਨੂੰ ਆਪਣੇ ਸਿਹਤ ਬੀਮਾਕਰਤਾ ਨਾਲ ਸਾਂਝਾ ਨਾ ਕਰਨ ਲਈ ਆਖ ਸਕਦੇ ਹੋ।
- ਅਸੀਂ "ਹਾਂ" ਕਹਾਂਗੇ ਜਦੋਂ ਤੱਕ ਕਿਸੇ ਕਾਨੂੰਨ ਦੁਆਰਾ ਸਾਨੂੰ ਉਸ ਜਾਣਕਾਰੀ ਨੂੰ ਸਾਂਝੀ ਕਰਨ ਦੀ ਲੋੜ ਨਹੀਂ ਹੁੰਦੀ।

### ਉਨ੍ਹਾਂ ਲੋਕਾਂ ਦੀ ਸੂਚੀ ਪ੍ਰਾਪਤ ਕਰੋ ਜਿਨ੍ਹਾਂ ਨਾਲ ਅਸੀਂ ਜਾਣਕਾਰੀ ਸਾਂਝੀ ਕੀਤੀ ਹੈ

- ਤੁਸੀਂ ਉਸ ਸਮਿਆਂ ਦੀ ਜਦੋਂ ਅਸੀਂ ਤੁਹਾਡੀ ਸਿਹਤ ਦੀ ਜਾਣਕਾਰੀ ਤੁਹਾਡੇ ਦੁਆਰਾ ਪੁੱਛੇ ਜਾਣ ਦੀ ਮਿਤੀ ਤੋਂ ਛੇ ਸਾਲ ਪਹਿਲਾਂ ਸਾਂਝੀ ਕੀਤੀ ਸੀ, ਅਸੀਂ ਇਸਨੂੰ ਕਿਸ ਨਾਲ, ਅਤੇ ਕਿਉਂ ਸਾਂਝਾ ਕੀਤਾ ਸੀ, ਇਸਦੀ ਇੱਕ ਸੂਚੀ (ਅਕਾਊਂਟਿੰਗ) ਮੰਗ ਸਕਦੇ ਹੋ।

### ਇਸ ਗੋਪਨੀਯਤਾ ਨੋਟਿਸ ਦੀ ਕਾਪੀ ਪ੍ਰਾਪਤ ਕਰੋ

- ਤੁਸੀਂ ਕਿਸੇ ਵੀ ਸਮੇਂ ਇਸ ਨੋਟਿਸ ਦੀ ਕਾਗਜ਼ੀ ਕਾਪੀ ਮੰਗ ਸਕਦੇ ਹੋ, ਭਾਵੇਂ ਤੁਸੀਂ ਇਲੈਕਟ੍ਰੌਨਿਕ ਤਰੀਕੇ ਨਾਲ ਨੋਟਿਸ ਪ੍ਰਾਪਤ ਕਰਨ ਲਈ ਸਹਿਮਤ ਹੋਏ ਹੋ। ਅਸੀਂ ਤੁਹਾਨੂੰ ਤੁਰੰਤ ਕਾਗਜ਼ੀ ਕਾਪੀ ਪ੍ਰਦਾਨ ਕਰਾਂਗੇ।

### ਤੁਹਾਡੇ ਵੱਲੋਂ ਕੰਮ ਕਰਨ ਲਈ ਕਿਸੇ ਨੂੰ ਚੁਣੋ

- ਜੇ ਤੁਸੀਂ ਕਿਸੇ ਨੂੰ ਮੈਡੀਕਲ ਪਾਵਰ ਆਫ਼ ਅਟਾਰਨੀ ਦਿੱਤੀ ਹੈ ਜਾਂ ਜੇ ਕੋਈ ਤੁਹਾਡਾ ਕਾਨੂੰਨੀ ਸਰਪ੍ਰਸਤ ਹੈ, ਤਾਂ ਉਹ ਵਿਅਕਤੀ ਤੁਹਾਡੇ ਅਧਿਕਾਰਾਂ ਦੀ ਵਰਤੋਂ ਕਰ ਸਕਦਾ ਹੈ ਅਤੇ ਤੁਹਾਡੀ ਸਿਹਤ ਜਾਣਕਾਰੀ ਬਾਰੇ ਚੋਣਾਂ ਕਰ ਸਕਦਾ ਹੈ।
- ਅਸੀਂ ਇਹ ਸੁਨਿਸ਼ਚਿਤ ਕਰਾਂਗੇ ਕਿ ਉਸ ਵਿਅਕਤੀ ਕੋਲ ਇਹ ਅਧਿਕਾਰ ਹੈ ਅਤੇ ਅਸੀਂ ਕੋਈ ਕਾਰਵਾਈ ਕਰੀਏ ਇਸਤੋਂ ਪਹਿਲਾਂ ਤੁਹਾਡੇ ਲਈ ਕਾਰਵਾਈ ਕਰ ਸਕਦਾ ਹੈ।

### ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਡੇ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ ਤਾਂ ਸ਼ਿਕਾਇਤ ਦਰਜ ਕਰੋ

- ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਅਸੀਂ ਤੁਹਾਡੇ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ ਤਾਂ ਤੁਸੀਂ ਹੇਠਾਂ ਗੋਪਨੀਯਤਾ ਅਧਿਕਾਰੀ ਦੇ ਸੰਪਰਕ ਦੀ ਵਰਤੋਂ ਕਰਕੇ ਸਾਡੇ ਨਾਲ ਸੰਪਰਕ ਕਰਕੇ ਸ਼ਿਕਾਇਤ ਕਰ ਸਕਦੇ ਹੋ।

**AltaMed Health Services Corporation**
Attention: Privacy Officer
2040 Camfield Avenue
Los Angeles, CA 90040
**(888) 499-9303**
**altamedprivacyoffice@altamed.org**

- ਤੁਸੀਂ ਨਾਗਰਿਕ ਅਧਿਕਾਰਾਂ ਲਈ ਅਮਰੀਕਾ ਦਾ ਸਿਹਤ ਅਤੇ ਮਨੁੱਖੀ ਸੇਵਾਵਾਂ ਦਾ ਮਹਿਕਮਾ ਦੇ ਨਾਲ ਵੀ ਇੱਕ ਸ਼ਿਕਾਇਤ ਦਰਜ ਕਰ ਸਕਦੇ ਹੋ: **www.hhs.gov/ocr/privacy/hipaa/complaints/**

*ਅਸੀਂ ਸ਼ਿਕਾਇਤ ਦਰਜ ਕਰਵਾਉਣ ਲਈ ਤੁਹਾਡੇ ਵਿਰੁੱਧ ਬਦਲੇ ਦੀ ਕੋਈ ਕਾਰਵਾਈ ਨਹੀਂ ਕਰਾਂਗੇ।*

ਕੁਝ ਖਾਸ ਸਿਹਤ ਜਾਣਕਾਰੀ ਲਈ, ਤੁਸੀਂ AltaMed ਨੂੰ ਆਪਣੀ ਪਸੰਦ ਬਾਰੇ ਦੱਸ ਸਕਦੇ ਹੋ ਕਿ ਅਸੀਂ ਕੀ ਸਾਂਝਾ ਕਰੀਏ। ਜੇ ਤੁਹਾਡੀ ਸਪਸ਼ਟ ਤਰਜੀਹ ਹੈ ਕਿ ਅਸੀਂ ਹੇਠਾਂ ਵਰਣਿਤ ਸਥਿਤੀਆਂ ਵਿੱਚ ਤੁਹਾਡੀ ਜਾਣਕਾਰੀ ਕਿਵੇਂ ਸਾਂਝੀ ਕਰਦੇ ਹਾਂ, ਤਾਂ ਸਾਡੇ ਨਾਲ ਗੱਲ ਕਰੋ। ਸਾਨੂੰ ਦੱਸੋ ਕਿ ਤੁਸੀਂ ਸਾਡੇ ਤੋਂ ਕੀ ਚਾਹੁੰਦੇ ਹੋ ਕਿ ਅਸੀਂ ਕੀ ਕਰੀਏ, ਅਤੇ ਅਸੀਂ ਤੁਹਾਡੀਆਂ ਹਿਦਾਇਤਾਂ ਦੀ ਪਾਲਣਾ ਕਰਾਂਗੇ।

## ਇਹਨਾਂ ਮਾਮਲਿਆਂ ਵਿੱਚ, ਤੁਹਾਡੇ ਕੋਲ ਸਾਨੂੰ ਇਹ ਦੱਸਣ ਦਾ ਅਧਿਕਾਰ ਅਤੇ ਚੋਣ ਦੋਵੇਂ ਹਨ:

ਆਪਣੇ ਪਰਿਵਾਰ, ਨਜ਼ਦੀਕੀ ਦੋਸਤਾਂ ਜਾਂ ਤੁਹਾਡੀ ਦੇਖਭਾਲ ਵਿੱਚ ਸ਼ਾਮਲ ਹੋਰ ਲੋਕਾਂ ਨਾਲ ਜਾਣਕਾਰੀ ਸਾਂਝੀ ਕਰੋ।

### ਮਾਰਕਿਟਿੰਗ ਉਦੇਸ਼ਾਂ ਲਈ:

ਮਾਰਕਿਟਿੰਗ ਉਦੇਸ਼ਾਂ ਲਈ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (Protected Health Information, PHI) ਦੀ ਜ਼ਿਆਦਾਤਰ ਵਰਤੋਂ ਅਤੇ ਸਾਂਝਾਕਰਨ ਲਈ ਤੁਹਾਡੀ ਪੂਰਵ ਲਿਖਤ ਅਧਿਕਾਰ-ਸੌਂਪਣੀ ਦੀ ਲੋੜ ਹੋਵੇਗੀ, ਜਿਸਦੇ ਕੁਝ ਅਪਵਾਦ ਹੋਣਗੇ ਜਿਵੇਂ ਕਿ ਸਿਹਤ-ਸਬੰਧਤ ਉਤਪਾਦਾਂ, ਸੇਵਾਵਾਂ ਜਾਂ ਪ੍ਰਦਾਤਾ ਦੇ ਅੱਪਡੇਟਾਂ ਲਈ ਮਾਰਕਿਟਿੰਗ।

### ਫੰਡ ਇਕੱਠਾ ਕਰਨ ਦੇ ਮਾਮਲੇ ਵਿੱਚ:

ਅਸੀਂ AltaMed ਦੁਆਰਾ ਪ੍ਰਯੋਜਿਤ ਗਤੀਵਿਧੀਆਂ, ਜਿਹਨਾਂ ਵਿੱਚ ਫੰਡ ਇਕੱਠਾ ਕਰਨ ਵਾਲੇ ਪ੍ਰੋਗਰਾਮ ਅਤੇ ਇਵੈਂਟ ਸ਼ਾਮਲ ਹਨ, ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਾਂ। ਤੁਸੀਂ ਸਾਡੇ ਮਰੀਜ਼ ਸੇਵਾ ਕੇਂਦਰ ਦੇ ਨਾਲ **(888) 499-9303** 'ਤੇ ਸੰਪਰਕ ਕਰਕੇ ਕਿਸੇ ਵੀ ਸਮੇਂ ਫੰਡ ਇਕੱਠਾ ਕਰਨ ਸਬੰਧੀ ਸੰਚਾਰ ਪ੍ਰਾਪਤ ਕਰਨ ਦਾ ਵਿਕਲਪ ਰੱਦ ਕਰ ਸਕਦੇ ਹੋ ਜਾਂ ਵਿਕਲਪ ਰੱਦ ਕਰਨ ਲਈ ਬੇਨਤੀ ਵਾਲੇ ਕਿਸੇ ਵੀ ਸੰਚਾਰ ਦਾ ਜਵਾਬ ਦੇ ਸਕਦੇ ਹੋ। ਤੁਹਾਡੇ ਫੈਸਲੇ ਦਾ ਤੁਹਾਡੇ ਇਲਾਜ ਜਾਂ ਸੇਵਾਵਾਂ ਲਈ ਭੁਗਤਾਨ ਉੱਤੇ ਕੋਈ ਅਸਰ ਨਹੀਂ ਹੋਵੇਗਾ।

## AltaMed ਆਮ ਤੌਰ 'ਤੇ ਹੇਠ ਲਿਖੇ ਤਰੀਕਿਆਂ ਨਾਲ ਤੁਹਾਡੀ ਸਿਹਤ ਜਾਣਕਾਰੀ ਨੂੰ ਵਰਤ ਜਾਂ ਸਾਂਝਾ ਕਰ ਸਕਦੀ ਹੈ।

### ਤੁਹਾਡਾ ਇਲਾਜ ਕਰਨ ਲਈ

ਅਸੀਂ ਤੁਹਾਡੀ ਸਿਹਤ ਜਾਣਕਾਰੀ ਦੀ ਵਰਤੋਂ ਕਰ ਸਕਦੇ ਹਾਂ ਅਤੇ ਇਸ ਨੂੰ ਦੂਜੇ ਪੇਸ਼ੇਵਰਾਂ ਨਾਲ ਸਾਂਝਾ ਕਰ ਸਕਦੇ ਹਾਂ ਜੋ ਤੁਹਾਡਾ ਇਲਾਜ ਕਰ ਰਹੇ ਹਨ।

### ਸਾਡੀ ਸੰਸਥਾ ਦਾ ਸੰਚਾਲਨ ਕਰਨ ਲਈ

ਅਸੀਂ ਆਪਣੀ ਪ੍ਰੈਕਟਿਸ ਚਲਾਉਣ, ਤੁਹਾਡੀ ਦੇਖਭਾਲ ਵਿੱਚ ਸੁਧਾਰ ਕਰਨ ਅਤੇ ਲੋੜ ਪੈਣ 'ਤੇ ਤੁਹਾਡੇ ਨਾਲ ਸੰਪਰਕ ਕਰਨ ਲਈ ਤੁਹਾਡੀ ਸਿਹਤ ਜਾਣਕਾਰੀ ਨੂੰ ਵਰਤ ਅਤੇ ਸਾਂਝਾ ਕਰ ਸਕਦੇ ਹਾਂ।

### ਤੁਹਾਡੀਆਂ ਸੇਵਾਵਾਂ ਲਈ ਬਿਲ ਵਾਸਤੇ

ਅਸੀਂ ਤੁਹਾਡੀ ਸਿਹਤ ਜਾਣਕਾਰੀ ਨੂੰ ਬਿੱਲ ਭਰਨ ਅਤੇ ਸਿਹਤ ਯੋਜਨਾਵਾਂ ਜਾਂ ਹੋਰ ਸੰਸਥਾਵਾਂ ਤੋਂ ਭੁਗਤਾਨ ਪ੍ਰਾਪਤ ਕਰਨ ਲਈ ਵਰਤ ਅਤੇ ਸਾਂਝਾ ਕਰ ਸਕਦੇ ਹਾਂ।

### ਜਨਤਕ ਸਿਹਤ ਅਤੇ ਸੁਰੱਖਿਆ ਮਾਮਲਿਆਂ ਵਿੱਚ ਸਹਾਇਤਾ ਲਈ

ਅਸੀਂ ਇਨ੍ਹਾਂ ਲਈ ਤੁਹਾਡੀ ਸਿਹਤ ਜਾਣਕਾਰੀ ਨੂੰ ਵਰਤ ਅਤੇ ਸਾਂਝਾ ਕਰ ਸਕਦੇ ਹਾਂ: ਬਿਮਾਰੀ ਨੂੰ ਰੋਕਣਾ, ਸ਼ੱਕੀ ਦੁਰਵਿਹਾਰ, ਅਣਗਹਿਲੀ, ਜਾਂ ਘਰੇਲੂ ਹਿੰਸਾ ਦੀ ਰਿਪੋਰਟ ਕਰਨਾ, ਕਿਸੇ ਦੀ ਸਿਹਤ ਜਾਂ ਸੁਰੱਖਿਆ ਲਈ ਗੰਭੀਰ ਖਤਰੇ ਨੂੰ ਰੋਕਣਾ ਜਾਂ ਘਟਾਉਣਾ।

### ਖੋਜ ਕਰਨ ਲਈ

- ਅਸੀਂ ਸਿਹਤ ਸੰਭਾਲ ਖੋਜ ਕਰਨ ਲਈ ਤੁਹਾਡੀ ਸਿਹਤ ਜਾਣਕਾਰੀ ਨੂੰ ਵਰਤ ਜਾਂ ਸਾਂਝਾ ਕਰ ਸਕਦੇ ਹਾਂ।

### ਕਾਨੂੰਨ ਦੀ ਪਾਲਣਾ ਕਰਨ ਲਈ

- ਜੇ ਰਾਜ ਜਾਂ ਸੰਘੀ ਕਾਨੂੰਨਾਂ ਦੇ ਅਨੁਸਾਰ ਇਸਦੀ ਲੋੜ ਹੋਵੇ ਤਾਂ ਅਸੀਂ ਤੁਹਾਡੇ ਬਾਰੇ ਜਾਣਕਾਰੀ ਸਾਂਝੀ ਕਰਾਂਗੇ, ਜਿਸ ਵਿੱਚ ਸਿਹਤ ਅਤੇ ਮਨੁੱਖੀ ਸੇਵਾ ਵਿਭਾਗ ਵੀ ਸ਼ਾਮਲ ਹੈ ਜੇ ਇਹ ਵੇਖਣਾ ਚਾਹੁੰਦਾ ਹੈ ਕਿ ਅਸੀਂ ਸੰਘੀ ਗੋਪਨੀਯਤਾ ਕਾਨੂੰਨ ਦੀ ਪਾਲਣਾ ਕਰ ਰਹੇ ਹਾਂ।

### ਕਿਸੇ ਮੈਡੀਕਲ ਪਰੀਖਕ ਜਾਂ ਅੰਤਮ ਸੰਸਕਾਰ ਨਿਰਦੇਸ਼ਕ ਨਾਲ ਕੰਮ ਕਰਨ ਲਈ

- ਜਦੋਂ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਅਸੀਂ ਕੋਰੋਨਰ, ਮੈਡੀਕਲ ਪਰੀਖਕ ਜਾਂ ਅੰਤਮ ਸੰਸਕਾਰ ਨਿਰਦੇਸ਼ਕ ਨਾਲ ਸਿਹਤ ਦੀ ਜਾਣਕਾਰੀ ਸਾਂਝੀ ਕਰ ਸਕਦੇ ਹਾਂ।

### ਕਰਮਚਾਰੀਆਂ ਦੇ ਮੁਆਵਜ਼ੇ, ਕਾਨੂੰਨ ਲਾਗੂ ਕਰਨ ਅਤੇ ਹੋਰ ਸਰਕਾਰੀ ਬੇਨਤੀਆਂ ਨੂੰ ਸੰਬੋਧਿਤ ਕਰਨ ਲਈ

- ਅਸੀਂ ਤੁਹਾਡੇ ਬਾਰੇ ਸਿਹਤ ਜਾਣਕਾਰੀ ਨੂੰ ਵਰਤ ਜਾਂ ਸਾਂਝਾ ਕਰ ਸਕਦੇ ਹਾਂ: ਕਰਮਚਾਰੀਆਂ ਦੇ ਮੁਆਵਜ਼ੇ ਦੇ ਦਾਅਵਿਆਂ ਲਈ, ਕਾਨੂੰਨ ਲਾਗੂ ਕਰਨ ਦੇ ਉਦੇਸ਼ਾਂ ਲਈ ਜਾਂ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਦੇ ਨਾਲ, ਕਾਨੂੰਨ ਦੁਆਰਾ ਅਧਿਕਾਰਤ ਗਤੀਵਿਧੀਆਂ ਲਈ ਸਿਹਤ ਨਿਗਰਾਨੀ ਏਜੰਸੀਆਂ ਦੇ ਨਾਲ, ਫੌਜੀ, ਰਾਸ਼ਟਰੀ ਸੁਰੱਖਿਆ ਅਤੇ ਪ੍ਰੈਜ਼ੀਡੈਂਸ਼ਿਅਲ ਕਨੂੰਨੀ ਕਾਰਵਾਈਆਂ ਜਿਹੇ ਵਿਸ਼ੇਸ਼ ਸਰਕਾਰੀ ਕਾਰਜਾਂ ਲਈ।

### ਮੁਕੱਦਮਿਆਂ ਅਤੇ ਕਨੂੰਨੀ ਕਾਰਵਾਈਆਂ ਦਾ ਜਵਾਬ ਦੇਣ ਲਈ

- ਅਸੀਂ ਅਦਾਲਤ ਜਾਂ ਪ੍ਰਸ਼ਾਸਕੀ ਆਦੇਸ਼ ਦੀ ਜਵਾਬੀ ਕਾਰਵਾਈ ਵਿੱਚ, ਜਾਂ ਪੇਸ਼ੀ ਦੀ ਜਵਾਬੀ ਕਾਰਵਾਈ ਵਿੱਚ ਤੁਹਾਡੇ ਬਾਰੇ ਸਿਹਤ ਜਾਣਕਾਰੀ ਸਾਂਝੀ ਕਰ ਸਕਦੇ ਹਾਂ।

### ਸਾਡੇ ਲਈ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ ਦੀ ਗੋਪਨੀਯਤਾ ਅਤੇ ਸੁਰੱਖਿਆ ਨੂੰ ਕਾਇਮ ਰੱਖਣਾ ਕਾਨੂੰਨੀ ਤੌਰ 'ਤੇ ਲੋੜੀਂਦਾ ਹੈ

- ਜੇ ਕੋਈ ਉਲੰਘਣਾ ਹੁੰਦੀ ਹੈ ਜਿਸ ਨਾਲ ਤੁਹਾਡੀ ਜਾਣਕਾਰੀ ਦੀ ਗੋਪਨੀਯਤਾ ਜਾਂ ਸੁਰੱਖਿਆ ਨਾਲ ਸਮਝੌਤਾ ਹੋ ਸਕਦਾ ਹੈ ਤਾਂ ਅਸੀਂ ਤੁਹਾਨੂੰ ਤੁਰੰਤ ਸੂਚਿਤ ਕਰਾਂਗੇ।

- ਅਸੀਂ ਤੁਹਾਡੀ ਜਾਣਕਾਰੀ ਨੂੰ ਇੱਥੇ ਵਰਣਨ ਕੀਤੇ ਤੋਂ ਇਲਾਵਾ ਇਸਤੇਮਾਲ ਜਾਂ ਸਾਂਝਾ ਨਹੀਂ ਕਰਾਂਗੇ ਜਦੋਂ ਤੱਕ ਤੁਸੀਂ ਲਿਖਤੀ ਰੂਪ ਵਿੱਚ ਸਾਨੂੰ ਨਹੀਂ ਦੱਸਦੇ ਕਿ ਅਸੀਂ ਅਜਿਹਾ ਕਰ ਸਕਦੇ ਹਾਂ। ਜੇ ਤੁਸੀਂ ਸਾਨੂੰ ਆਖਦੇ ਹੋ ਕਿ ਅਸੀਂ ਇਹ ਕਰ ਸਕਦੇ ਹਾਂ, ਤਾਂ ਤੁਸੀਂ ਕਿਸੇ ਵੀ ਸਮੇਂ ਆਪਣਾ ਮਨ ਬਦਲ ਸਕਦੇ ਹੋ। ਜੇ ਤੁਸੀਂ ਆਪਣਾ ਮਨ ਬਦਲਦੇ ਹੋ ਤਾਂ ਸਾਨੂੰ ਲਿਖਤੀ ਰੂਪ ਵਿੱਚ ਦੱਸੋ।

- ਸਾਡਾ ਇਸ ਨੋਟਿਸ ਵਿੱਚ ਦੱਸੇ ਗਏ ਫਰਜ਼ਾਂ ਅਤੇ ਗੋਪਨੀਯਤਾ ਅਭਿਆਸਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ ਅਤੇ ਤੁਹਾਨੂੰ ਇਸਦੀ ਇੱਕ ਕਾਪੀ ਦਿਆਂਗੇ।

- ਅਸੀਂ ਇਸ ਨੋਟਿਸ ਦੀਆਂ ਸ਼ਰਤਾਂ ਨੂੰ ਬਦਲ ਸਕਦੇ ਹਾਂ, ਅਤੇ ਨਵਾਂ ਨੋਟਿਸ ਬੇਨਤੀ ਕਰਨ 'ਤੇ ਉਪਲਬਧ ਹੋਵੇਗਾ।

## ਇਸ ਨੋਟਿਸ ਦੀ ਵਿਸਤ੍ਰਿਤ ਕਾਪੀ ਪ੍ਰਾਪਤ ਕਰਨ ਲਈ, ਤੁਸੀਂ ਇੱਥੇ ਸੰਪਰਕ ਕਰ ਸਕਦੇ ਹੋ:

- AltaMed ਗੋਪਨੀਯਤਾ ਅਧਿਕਾਰੀ
- ਉਸ ਕਲੀਨਿਕ ਨਾਲ ਜਿੱਥੋਂ ਤੁਹਾਨੂੰ ਦੇਖਭਾਲ ਮਿਲੀ

ਗੋਪਨੀਯਤਾ ਅਭਿਆਸਾਂ ਦੇ ਸਭ ਤੋਂ ਵਰਤਮਾਨ ਨੋਟਿਸ ਨੂੰ ਦੇਖਣ ਲਈ, www.AltaMed.org/regulatory-notices 'ਤੇ ਜਾਓ ਜਾਂ ਇਸ QR ਕੋਡ ਨੂੰ ਸਕੈਨ ਕਰੋ:

*ਗੋਪਨੀਯਤਾ ਅਭਿਆਸਾਂ ਦੇ ਨੋਟਿਸ ਦੇ ਸਾਰ-ਅੰਸ਼ ਦੇ ਪ੍ਰਭਾਵੀ ਹੋਣ ਦੀ ਮਿਤੀ 6/15/23*

PROJ14193.KN.0623